# ਭਲਾ ਨਵਜੰਮੇ ਬੱਚਿਆਂ ਨੂੰ ਬਪਤਿਸਮੇ ਦੀ ਲੋੜ ਹੈ?

ਜਿਹੜੇ ਲੋਕ ਇਹ ਮੰਨਦੇ ਹਨ ਕਿ ਨਵਜੰਮੇ ਬੱਚਿਆਂ ਨੂੰ ਬਪਤਿਸਮਾ ਦੇਣਾ ਜ਼ਰੂਰੀ ਹੈ ਉਹ ਆਮ ਤੌਰ ਤੇ ਹੇਠ ਲਿਖੇ ਸਵਾਲ ਪੁੱਛਦੇ ਹਨ?

**ਸ.: ਭਲਾ ਸਭ ਨਵਜੰਮੇ ਬੱਚੇ ਪੈਦਾਇਸ਼ੀ ਪਾਪੀ ਹੁੰਦੇ ਹਨ?**

ਜ.: ਨਹੀਂ। ਬੱਚੇ ਪਾਪ ਨਾਲ ਭਰੇ ਸੰਸਾਰ ਵਿਚ ਪੈਦਾ ਤਾਂ ਹੁੰਦੇ ਹਨ, ਪਰ ਇਸ ਨਾਲ ਉਹ ਪਾਪੀ ਨਹੀਂ ਠਹਿਰ ਜਾਂਦੇ। ਜ਼ਬੂਰ 51 ਵਿਚ ਦਾਊਦ ਨੇ ਲਿਖਿਆ ਹੈ, ''ਵੇਖ, ਮੈਂ ਬਦੀ ਵਿਚ ਜੰਮਿਆਂ ਅਤੇ ਪਾਪ ਵਿਚ ਮੇਰੀ ਮਾਤਾ ਨੇ ਮੈਨੂੰ ਕੁੱਖ ਵਿਚ ਲਿਆ'' (ਆਇਤ 5)। ਇਹ ਇਸ ਆਇਤ ਦਾ ਸ਼ਬਦੀ ਅਨੁਵਾਦ ਹੈ। ਇਸ ਵਿਚ ਦਾਊਦ ਦੇ ਜਨਮ ਦੇ ਆਲੇ ਦੁਆਲੇ ਦੇ ਸਮਾਜ ਦੀ ਹਾਲਤ ਪਤਾ ਲਗਦੀ ਹੈ ਪਰ ਇਹ ਨਹੀਂ ਕਿਹਾ ਗਿਆ ਕਿ ਪੈਦਾ ਹੋਣ ਨਾਲ ਉਹ ਪਾਪੀ ਬਣ ਗਿਆ ਸੀ। ਪੰਜਾਬੀ ਸਣੇ ਬਾਈਬਲ ਦੇ ਕੁਝ ਅਨੁਵਾਦਾਂ[1] ਵਿਚ ਇਬਰਾਨੀ ਲਿਖਤ ਨੂੰ ਨਜ਼ਰਅੰਦਾਜ਼ ਕਰਦਿਆਂ ਲਿਖਿਆ ਗਿਆ ਹੈ ਕਿ ਦਾਊਦ ਪੈਦਾ ਹੋਣ ਵੇਲੇ ਪਾਪੀ ਸੀ। ਇਹ ਅਫ਼ਸੋਸ ਦੀ ਗੱਲ ਹੈ।

**ਸ.: ਭਲਾ ਹਰ ਸ਼ਖ਼ਸ ਆਦਮ ਦੇ ਪਾਪ ਦਾ ਦੋਸ਼ੀ ਹੈ?**

ਜ.: ਨਹੀਂ। ਉਤਪਤ ਦੀ ਕਿਤਾਬ ਉਸ ਪਾਪ ਦੇ ਨਤੀਜਿਆਂ ਬਾਰੇ ਦੱਸਦੀ ਹੈ, ਜਿਵੇਂ ਮੌਤ (ਉਤਪਤ 3:3, 19), ਜਨਮ ਦੇਣ ਦੀ ਤਕਲੀਫ਼ (3:16) ਅਤੇ ਸਰਾਪਿਤ ਧਰਤੀ (ਉਤਪਤ 3:17)। ਸਾਨੂੰ ਆਦਮ ਅਤੇ ਹੱਵਾਹ ਦੇ ਪਾਪ ਦੇ ਨਤੀਜੇ ਤਾਂ ਭੁਗਤਣੇ ਪੈ ਸਕਦੇ ਹਨ, ਪਰ ਸਾਡੇ ਤੇ ਉਨ੍ਹਾਂ ਦੇ ਪਾਪ ਦਾ ਦੋਸ਼ ਨਹੀਂ ਹੈ। ਅਸੀਂ ਨੈਤਿਕ ਪਸੰਦ ਚੁਣਨ ਦੇ ਯੋਗ ਹਾਂ, ਭਾਵ ਜਦ ਅਸੀਂ ਖ਼ੁਦਾ ਦੇ ਵਚਨ ਮੁਤਾਬਕ ਆਪਣੀ ਪਸੰਦ ਚੁਣਨ ਵਿਚ ਨਾਕਾਮ ਰਹਿੰਦੇ ਹਾਂ, ਤਾਂ ਹੀ ਅਸੀਂ ਪਾਪ ਦੇ ਦੋਸ਼ੀ ਠਹਿਰਦੇ ਹਾਂ।

**ਸ.: ਭਲਾ ਜਨਮ ਲੈਣ ਵਾਲੇ ਬੱਚੇ ਖ਼ੁਦਾ ਦੀ ਬਾਦਸ਼ਾਹੀ ਤੋਂ ਦੂਰ ਹੋ ਜਾਂਦੇ ਹਨ?**

ਜ.: ਨਹੀਂ। ਉਨ੍ਹਾਂ ਬਾਰੇ ਯਿਸੂ ਨੇ ਕਿਹਾ, ''ਸੁਰਗ ਦਾ ਰਾਜ ਇਹੋ ਜਿਹਿਆਂ ਦਾ ਹੈ'' (ਮੱਤੀ 14:19)।

**ਸ.: ਭਲਾ ਬੱਚਿਆਂ ਨੂੰ ਆਪਣੇ ਮਾਤਾ ਪਿਤਾ ਦਾ ਪਾਪ ਮੀਰਾਸ ਵਿਚ ਮਿਲਦਾ ਹੈ?**

ਜ.: ਨਹੀਂ। ''ਜਿਹੜੀ ਜਾਨ ਪਾਪ ਕਰਦੀ ਹੈ, ਉਹੀ ਮਰੇਗੀ। ਪੁੱਤਰ ਪਿਓ ਦੀ ਬਦੀ ਨਾ ਚੁੱਕੇਗਾ, ਨਾ ਪਿਓ ਪੁੱਤਰ ਦੀ ਬਦੀ ਚੁੱਕੇਗਾ। ਧਰਮੀ ਦਾ ਧਰਮ ਉਹਦੇ ਲਈ ਹੋਵੇਗਾ ਅਤੇ ਦੁਸ਼ਟ ਦਾ ਦੋਸ਼ ਉਹਦੇ ਉੱਤੇ'' (ਹਿਜ਼ਕੀਏਲ 18:20)। ਹਰ ਸ਼ਖ਼ਸ ਨੂੰ ਉਸ ਦੇ ਧਰਮ ਜਾਂ ਬੁਰਿਆਈ

ਮੁਤਾਬਿਕ ਹੀ ਫ਼ਲ ਮਿਲੇਗਾ, ਇਸ ਕਰਕੇ ਉਹਦਾ ਨਿਆਂ ਉਹਦੇ ਕਰਮਾਂ ਦੇ ਅਧਾਰ ਤੇ ਹੀ ਹੋਵੇਗਾ। ਕਿਸੇ ਦੇ ਧਰਮ ਜਾਂ ਉਸ ਦੀ ਬੁਰਿਆਈ ਲਈ ਕੋਈ ਦੂਸਰਾ ਜਵਾਬਦੇਹ ਨਹੀਂ ਹੋਵੇਗਾ।

**ਸ.: ਭਲਾ ਰਸੂਲਾਂ ਦੇ ਕੰਮ ਕਿਤਾਬ ਵਿਚ ਦਰਜ ਪੂਰੇ ਪਰਿਵਾਰ ਦੀ ਮਨਬਦਲੀ ਵਿਚ ਨਵਜੰਮੇ ਬੱਚੇ ਵੀ ਸ਼ਾਮਿਲ ਹਨ?**

ਜ.: ਨਹੀਂ। ਕਈ ਪਰਿਵਾਰਾਂ ਵਿਚ ਨਵਜੰਮੇ ਬੱਚੇ ਹੁੰਦੇ ਹਨ। ਉਨ੍ਹਾਂ ਪਰਿਵਾਰਾਂ ਦੇ ਲੋਕਾਂ ਬਾਰੇ ਕਿਹਾ ਗਿਆ ਹੈ ਕਿ ਉਹ ''ਪਰਮੇਸ਼ੁਰ ਦਾ ਭੌਅ ਕਰਨ ਵਾਲਾ ਸੀ'' (ਰਸੂਲਾਂ ਦੇ ਕੰਮ 10:2) ਅਤੇ ਉਨ੍ਹਾਂ ਨੇ ''ਪਰਮੇਸ਼ੁਰ ਦੀ ਪ੍ਰਤੀਤ ਕੀਤੀ'' (ਰਸੂਲਾਂ ਦੇ ਕੰਮ 16:34; 18:8)। ਇਸ ਦਾ ਕੋਈ ਸੰਕੇਤ ਨਹੀਂ ਮਿਲਦਾ ਕਿ ਲੁਦੀਆ ਦੇ ਬੱਚੇ ਜਾਂ ਪਤੀ ਵੀ ਸੀ (ਰਸੂਲਾਂ ਦੇ ਕੰਮ 16:14, 15)। ਛੋਟੇ ਬਚਿਆਂ ਦੀ ਗਿਣਤੀ ਪਰਿਵਾਰਾਂ ਤੋਂ ਵੱਖਰੀ ਕੀਤੀ ਜਾਂਦੀ ਸੀ (ਵੇਖੋ ਉਤਪਤ 47:24)। ਬਾਈਬਲ ਵਿਚ ਨਵਜੰਮੇ ਬਚਿਆਂ ਨੂੰ ਬਪਤਿਸਮਾ ਦੇਣ ਦੀ ਕੋਈ ਉਦਾਹਰਣ ਨਹੀਂ ਮਿਲਦੀ। ਇਸ ਦੇ ਉਲਟ ਰਸੂਲਾਂ ਦੇ ਕੰਮ 8:12 ਮੁਤਾਬਿਕ ਬਪਤਿਸਮਾ ਲੈਣ ਵਾਲੇ''ਮਰਦ ਅਤੇ ਤੀਵੀਆਂ'' ਹੀ ਸਨ।

**ਸ.: ਭਲਾ ਬੱਚਿਆਂ ਨੂੰ ਬਪਤਿਸਮਾ ਦੇ ਕੇ ਖ਼ੁਦਾ ਨੂੰ ਡੈਡੀਕੇਟ (ਸਮਰਪਿਤ) ਕਰਨਾ ਚਾਹੀਦਾ ਹੈ?**

ਜ.: ਨਹੀਂ। ਬੱਚੇ ਭੋਲੇਪਨ ਭਾਵ ਅਣਜਾਣ ਹੋਣ ਕਰਕੇ ਯਿਸੂ ਦੀ ਨਜ਼ਰ ਵਿਚ ''ਸੁਰੱਖਿਅਤ'' ਹਨ। ਬਪਤਿਸਮੇ ਵਿਚ ਖ਼ਦਾ ਨੂੰ ਸਮਰਪਿਤ ਕਰਨ ਦੀ ਮੰਗ ਤਾਂ ਇਨਸਾਨ ਦੀ ਬਣਾਈ ਰਵਾਇਤ ਹੀ ਕਰਦੀ ਹੈ। ਮਸੀਹੀ ਲੋਕਾਂ ਨੂੰ ਮਨੁੱਖਾਂ ਦੀਆਂ ਬਣਾਈਆਂ ਰੀਤਾਂ ਤੋਂ ਹੁਸ਼ਿਆਰ ਰਹਿਣ ਦੀ ਲੋੜ ਹੈ (ਕੁਲੁੱਸੀਆਂ 2:8)।

**ਸ.: ਪੁਰਾਣੇ ਨੇਮ ਵਿਚ ਨਵਜੰਮੇ ਬਚਿਆਂ ਦੀ ਸੁੰਨਤ ਕੀਤੀ ਜਾਂਦੀ ਸੀ, ਤਾਂ ਭਲਾ ਸਾਨੂੰ ਬੱਚਿਆਂ ਦਾ ਬਪਤਿਸਮਾ ਨਹੀਂ ਕਰਨਾ ਚਾਹੀਦਾ?**

ਜ.: ਨਹੀਂ। ਜੇ ਇਹ ਸੋਚ ਸਹੀ ਹੈ ਤਾਂ ਬੇਸੁੰਨਤੇ ਬੱਚਿਆਂ ਵਾਂਗ (ਉਤਪਤ 17:14) ਬਪਤਿਸਮੇ ਤੋਂ ਰਹਿਤ ਹਰ ਬੱਚਾ ਆਪਣੇ ਲੋਕਾਂ ਵਿੱਚੋਂ ਕੱਢ ਦਿੱਤਾ ਜਾਣਾ ਚਾਹੀਦਾ ਹੈ। ਪਾਪਾਂ ਦੀ ਮਾਫ਼ੀ ਲਈ ਹੋਣ ਕਰਕੇ (ਰਸੂਲਾਂ ਦੇ ਕੰਮ 2:38) ਬਪਤਿਸਮਾ ਸੁੰਨਤ ਦਾ ਕੰਮ ਨਹੀਂ ਕਰਦਾ, ਜੋ ਖ਼ੁਦਾ ਅਤੇ ਅਬਰਾਹਾਮ ਵਿਚਲੇ ਨੇਮ ਦਾ ਇਕ ਨਿਸ਼ਾਨ ਸੀ (ਉਤਪਤ 17:11)। ਜਿਹੜਿਆਂ ਸ਼ਰਤਾਂ ਬਪਤਿਸਮਾ ਲੈਣ ਵਾਲਿਆਂ ਲਈ ਜ਼ਰੂਰੀ ਹਨ, ਨਵਜੰਮਿਆਂ ਬੱਚਾ ਉਨ੍ਹਾਂ ਨੂੰ ਪੂਰਾ ਨਹੀਂ ਕਰ ਸਕਦਾ। ਬਪਤਿਸਮਾ ਲੈਣ ਵਾਲਿਆਂ ਲਈ ਇੰਜੀਲ ਨੂੰ ਸੁਣਨਾ ਜ਼ਰੂਰੀ ਹੈ। ਉਨ੍ਹਾਂ ਲਈ ਖੁਸ਼ਖਬਰੀ ਵਿਚ ਵਿਸ਼ਵਾਸ ਕਰਨਾ (ਮਰਕੁਸ 16:15, 16), ਪਾਪਾਂ ਤੋਂ ਤੌਬਾ ਕਰਨਾ (ਰਸੂਲਾਂ ਦੇ ਕੰਮ 2:38) ਅਤੇ ਨਵੀਂ ਜ਼ਿੰਦਗੀ ਜੀਣਾ (ਰੋਮੀਆਂ 6:4) ਜ਼ਰੂਰੀ ਹੈ। ਰਸੂਲਾਂ ਦੇ ਕੰਮ ਕਿਤਾਬ ਵਿਚਲੇ ਜਿਨ੍ਹਾਂ ਲੋਕਾਂ ਨੇ ਬਪਤਿਸਮਾ ਲਿਆ ਸੀ ਉਨ੍ਹਾਂ ਬਾਰੇ ਕਿਹਾ ਗਿਆ ਹੈ ਕਿ ਉਨ੍ਹਾਂ ਨੇ ਵਚਨ ਨੂੰ ਸੁਣ ਕੇ ਕਬੂਲ ਕੀਤਾ, ਵਿਸ਼ਵਾਸ ਕੀਤਾ ਅਤੇ ਤੌਬਾ ਕੀਤੀ ਸੀ (ਰਸੂਲਾਂ ਦੇ ਕੰਮ 2:41; 8:12; 18:8)। ਨਵਜੰਮੇ ਬੱਚਿਆਂ ਵਿਚ ਕੋਈ ਪਾਪ ਨਹੀਂ ਹੁੰਦਾ ਅਤੇ ਨਾ ਹੀ ਉਹ ਇਨ੍ਹਾਂ ਸ਼ਰਤਾਂ ਨੂੰ ਪੂਰਿਆਂ ਕਰ ਸਕਦੇ ਹਨ, ਇਸ ਕਰਕੇ ਉਨ੍ਹਾਂ ਨੂੰ ਬਪਤਿਸਮਾ

ਨਹੀਂ ਦਿੱਤਾ ਜਾਣਾ ਚਾਹੀਦਾ।

ਜੇ ਕਿਸੇ ਨੂੰ ਬਚਪਣ ਵਿਚ ਬਪਤਿਸਮਾ ਦਿੱਤਾ ਗਿਆ ਹੋਵੇ ਤਾਂ ਉਸ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਉਹ ਉਸ ਛੋਟੀ ਉਮਰ ਵਿਚ ਮਸੀਹੀ ਬਣਨ ਲਈ ਲੋੜੀਂਦਾ ਵਿਸ਼ਵਾਸ ਨਹੀਂ ਕਰ ਸਕਦਾ ਸੀ। ਨਵਜੰਮਿਆ ਬੱਚਾ ਇਹ ਨਹੀਂ ਸਮਝ ਸਕਦਾ ਕਿ ਯਿਸੂ ਦਾ ਲਹੂ ਸਾਨੂੰ ਸਾਡੇ ਪਾਪਾਂ ਤੋਂ ਸ਼ੁੱਧ ਕਰਦਾ ਹੈ (ਰੋਮੀਆਂ 3:25); ਉਹ ਤੌਬਾ ਕਰਨ ਅਤੇ ਯਿਸੂ ਦੀ ਸੇਵਾ ਕਰਨ ਅਤੇ ਉਸ ਦੇ ਮਗਰ ਚੱਲਣ ਲਈ ਆਪਣੀ ਜ਼ਿੰਦਗੀ ਦੇਣ ਲਈ ਅਸਮਰਥ ਹੁੰਦਾ ਹੈ (ਯੂਹੰਨਾ 12:26)। ਬਪਤਿਸਮਾ ਲੈਣ ਵਾਲਾ ਆਦਮੀ ਆਪਣੇ ਆਪ ਨੂੰ ਯਿਸੂ ਦਾ ਚੇਲਾ ਬਣਨ ਲਈ ਪੇਸ਼ ਕਰਦਾ ਹੈ (ਮੱਤੀ 28:19)। ਅਜਿਹਾ ਸਮਰਪਣ ਨਾ ਕਰਨ ਵਾਲਿਆਂ ਨੂੰ ਇਸ ਸੋਚ ਨਾਲ ਬਪਤਿਸਮਾ ਲੈਣਾ ਚਾਹੀਦਾ ਹੈ ਕਿ ਮਾਫ਼ੀ ਪਾ ਕੇ ਉਹ ਯਿਸੂ ਵਿਚ ਨਵੀਂ ਜ਼ਿੰਦਗੀ ਜੀ ਸਕਣ।

**ਸ.: ਭਲਾ ਬੱਚੇ ਆਪਣੇ ਮਾਤਾ-ਪਿਤਾ ਦੇ ਪਾਪਾਂ ਕਾਰਣ ਦੋਸ਼ੀ ਹੁੰਦੇ ਹਨ?**

ਜ.: ਨਹੀਂ। ਬੱਚਿਆਂ ਨੂੰ ਆਪਣੇ ਮਾਤਾ–ਪਿਤਾ ਦੇ ਪਾਪਾਂ ਕਰਕੇ ਤਕਲੀਫ਼ ਝੱਲਣੀ ਪੈ ਸਕਦੀ ਹੈ (ਕੂਚ 20:5), ਪਰ ਖ਼ੁਦਾ ''ਨੇਮ ਦੀ ਪਾਲਣਾ ਕਰਨ ਵਾਲਾ ਹੈ ਅਤੇ ਹਜ਼ਾਰਾਂ ਪੀੜ੍ਹੀਆਂ ਤੀਕ ਉਨ੍ਹਾਂ ਉੱਤੇ ਦਿਆਵਾਨ ਹੈ ਜਿਹੜੇ ਉਸ ਦੇ ਨਾਲ ਪ੍ਰੇਮ ਕਰਦੇ ਅਤੇ ਉਸ ਦੇ ਹੁਕਮਾਂ ਨੂੰ ਮੰਨਦੇ ਹਨ'' (ਵਿਵਸਥਾਸਾਰ 7:9)। ਜੇ ਉਹ ਉਨ੍ਹਾਂ ਦੇ ਪਾਪ ਕਰਕੇ ਦੋਸ਼ੀ ਹਨ, ਤਾਂ ਉਹ ਹੁਕਮ ਮੰਨਣ ਵਾਲਿਆਂ ਦੀ ਹਜ਼ਾਰਵੀਂ ਪੀੜ੍ਹੀ ਦੇ ਧਰਮੀ ਹਨ।

---

ਟਿੱਪਣੀ

[1]ਸਵਾਲ ਵਿਚ ਵਰਤੇ ਗਏ ਅਨੁਵਾਦ ਪੰਜਾਬੀ, NIV, NRSV ਅਤੇ ਨਿਊ ਜਰੂਸਲਮ ਬਾਈਬਲ ਦੇ ਹਨ।